# Homework – week of 9/15/18

Read below definations , understand it and be able to write in your own words .

ਭਾਸ਼ਾ ਦੀ ਪਰਿਭਾਸ਼ਾ | ੧. ਮੌਖਿਕ ਭਾਸ਼ਾ | ੨. ਲਿਖਤੀ ਭਾਸ਼ਾ: | ੩. ਸੰਕੇਤਕ ਭਾਸ਼ਾ:

ਬੋਲੀ ਜਾਂ ਭਾਸ਼ਾ ਵਿੱਚ ਅੰਤਰ

ਮਾਤ ਭਾਸ਼ਾ:
ਰਾਸ਼ਟਰ ਭਾਸ਼ਾ:

ਉਪ-ਭਾਸ਼ਾ:

## ਭਾਸ਼ਾ ਦੀ ਪਰਿਭਾਸ਼ਾ

ਜਿਸ ਸਾਧਨ ਦੇ ਦੁਆਰਾ ਅਸੀਂ ਆਪਣੇ ਮਨ ਦੇ ਭਾਵਾਂ ਜਾਂ ਵਿਚਾਰਾਂ ਨੂੰ ਦੁਜਿਆਂ ਤੱਕ ਪਹੁੰਚਾਉਂਦੇ ਹਾਂ, ਉਸ ਨੂੰ ਭਾਸ਼ਾ ਆਖਦੇ ਹਨ।

ਭਾਸ਼ਾ ਦੇ ਤਿੰਨ ਰੂਪ ਹੁੰਦੇ ਹਨ

੧. **ਮੌਖਿਕ ਭਾਸ਼ਾ (ਬੋਲਚਾਲ):** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਬੋਲ ਕੇ ਜਾਂ ਗਲ ਕਰਕੇ ਪ੍ਰਗਟ ਕਰਦੇ ਹਾਂ।
੨. **ਲਿਖਤੀ ਭਾਸ਼ਾ:** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਲਿਖ ਕੇ ਜਾਂ ਪੜ੍ਹ ਕੇ ਪ੍ਰਗਟ ਕਰਦੇ ਹਾਂ।
੩. **ਸੰਕੇਤਕ ਭਾਸ਼ਾ:** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਸੰਕੇਤਾਂ ਦੇ ਨਾਲ ਪ੍ਰਗਟ ਕਰਦੇ ਹਾਂ।

## ਬੋਲੀ ਜਾਂ ਭਾਸ਼ਾ ਵਿੱਚ ਅੰਤਰ

ਬੋਲੀ ਜਾਂ ਭਾਸ਼ਾ ਵਿੱਚ ਬਹੁਤ ਥੋੜਾ ਅੰਤਰ ਹੈ। ਖੇਤਰੀ ਭਾਸ਼ਾ ਨੂੰ ਬੋਲੀ ਆਖਦੇ ਹਨ ਅਤੇ ਜਿਹੜੀ ਬੋਲੀ ਸਾਰੇ ਦੇਸ਼ ਵਿੱਚ ਸਮਝੀ ਜਾਂ ਬੋਲੀ ਜਾਂਦੀ ਹੈ ਉਹ ਭਾਸ਼ਾ ਹੈ।

**ਮਾਤ ਭਾਸ਼ਾ:** ਬੱਚੇ ਦੀ ਉਹ ਬੋਲੀ ਜੋ ਉਸ ਨੂੰ ਮਾਤਾ ਪਿਤਾ ਕੋਲੋਂ ਵਿਰਸੇ ਵਿੱਚ ਮਿਲਦੀ ਹੈ।
**ਰਾਸ਼ਟਰ ਭਾਸ਼ਾ:** ਜਿਹੜੀ ਭਾਸ਼ਾ ਕਿਸੇ ਦੇਸ਼ ਜਾਂ ਰਾਸ਼ਟਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਪ੍ਰਵਾਨ ਕਰ ਲਈ ਜਾਵੇ। ਜਿਸ ਤਰਾਂ ਅਮਰੀਕਾ ਦੀ ਰਾਸ਼ਟਰ ਭਾਸ਼ਾ ਅੰਗਰੇਜੀ, ਪਾਕਿਸਤਾਨ ਦੀ ਉਰਦੂ ਅਤੇ ਹਿੰਦੋਸਤਾਨ ਦੀ ਹਿੰਦੀ ਹੈ।
**ਉਪ-ਭਾਸ਼ਾ:** ਭਾਸ਼ਾ ਨੂੰ ਵੱਖਰੇ ਵੱਖਰੇ ਪ੍ਰਾਂਤਾਂ (ਇਲਾਕੇ) ਵਿੱਚ ਜਿਸ ਤਰ੍ਹਾਂ ਬੋਲਿਆ ਜਾਂਦਾਂ ਹੈ, ਉਸਨੂੰ ਉਪ-ਭਾਸ਼ਾ ਕਿਹਾ ਜਾਂਦਾ ਹੈ। ਪੰਜਾਬ ਦੀਆਂ ਉਪ-ਭਾਸ਼ਾਵਾਂ ਹੇਠ ਲਿਖੀਆਂ ਹਨ:

**ਪ੍ਰਸ਼ਨ 1. ਬੋਲੀ ਜਾਂ ਭਾਸ਼ਾ ਕਿਸ ਨੂੰ ਕਹਿੰਦੇ ਹਨ ?**

**ਉੱਤਰ :** ਕਿਸੇ ਦੇਸ਼ ਜਾਂ ਇਲਾਕੇ ਦੇ ਰਹਿਣ ਵਾਲੇ ਲੋਕ ਆਪਣੇ ਦਿਲ ਦੀ ਗੱਲ ਦੂਜੇ ਮਨੁੱਖ ਤੱਕ ਪਹੁੰਚਾਉਣ ਲਈ ਜੋ ਬੋਲ ਮੂੰਹੋਂ ਕਢਦੇ ਹਨ, ਉਸ ਨੂੰ ਬੋਲੀ ਜਾਂ ਭਾਸ਼ਾ ਕਹਿੰਦੇ ਹਨ। ਹਰੇਕ ਪ੍ਰਾਂਤ ਦੀ ਆਪਣੀ-ਆਪਣੀ ਭਾਸ਼ਾ ਹੁੰਦੀ ਹੈ; ਜਿਵੇਂ : ਪੰਜਾਬ ਦੀ ਪੰਜਾਬੀ, ਬੰਗਾਲ ਦੀ ਬੰਗਾਲੀ ਆਦਿ।

**ਪ੍ਰਸ਼ਨ 2. ਮਾਤ-ਭਾਸ਼ਾ ਕਿਸ ਨੂੰ ਕਹਿੰਦੇ ਹਨ ?**

**ਉੱਤਰ :** ਮਾਤ-ਭਾਸ਼ਾ ਬੱਚੇ ਦੀ ਉਹ ਬੋਲੀ ਹੈ ਜੋ ਉਸਨੂੰ ਆਪਣੀ ਮਾਤਾ ਪਾਸੋਂ ਵਿਰਸੇ ਵਿਚ ਮਿਲਦੀ ਹੈ। ਇਸ ਬੋਲੀ ਰਾਹੀਂ ਉਸ ਨੂੰ ਲੋਰੀਆਂ ਦਿੱਤੀਆਂ ਜਾਂਦੀਆਂ ਹਨ। ਉਹ ਆਪਣੇ ਮਾਤਾ-ਪਿਤਾ ਅਤੇ ਭੈਣ-ਭਰਾਵਾਂ ਨਾਲ ਖ਼ੁਸ਼ੀਆਂ ਵੰਡਦਾ ਹੈ। ਬੰਗਾਲ ਦੀ ਧਰਤੀ ਉੱਤੇ ਜਨਮ ਲੈਣ ਵਾਲੇ ਹਰੇਕ ਬੱਚੇ ਦੀ ਮਾਤ-ਭਾਸ਼ਾ ਬੰਗਾਲੀ ਹੈ; ਬੇਸ਼ੱਕ ਉਹ ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਹੋਵੇ।

**ਪ੍ਰਸ਼ਨ 3. ਲਿਪੀ ਕਿਸ ਨੂੰ ਕਹਿੰਦੇ ਹਨ ? ਪੰਜਾਬੀ ਲਿਖਣ ਲਈ ਕਿਸ ਲਿਪੀ ਦੀ ਵਰਤੋਂ ਹੁੰਦੀ ਹੈ ?**

**ਉੱਤਰ :** ਉਹ ਚਿੰਨ੍ਹ ਜਿਹੜੇ ਕਿਸੇ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਲਿਪੀ ਕਿਹਾ ਜਾਂਦਾ ਹੈ। ਪੰਜਾਬੀ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ।

# ਲਿਪੀ

- ਜਿਨ੍ਹਾਂ ਚਿੰਨ੍ਹਾਂ (ਅੱਖਰਾਂ) ਰਾਹੀਂ ਕੋਈ ਬੋਲੀ ਆਪਣਾ ਲਿਖਤੀ ਰੂਪ ਧਾਰਨ ਕਰਦੀ ਹੈ।
- ਕਿਸੇ ਬੋਲੀ ਨੂੰ ਲਿਖਤੀ ਰੂਪ ਦੇਣ ਲਈ ਜਿਹੜੇ ਚਿੰਨ੍ਹ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਲਿਪੀ ਕਿਹਾ ਜਾਂਦਾ ਹੈ।
- ਪੰਜਾਬੀ ਭਾਸ਼ਾ ਦੀ ਲਿਪੀ ਗੁਰਮੁਖੀ ਹੈ।
- ਲਿਪੀ ਦੇ 40 ਅੱਖਰ / ਵਰਣ ਹਨ।
- ਗੁਰਮੁਖੀ ਗੁਰੂ ਅੰਗਦ ਜੀ ਦੀ ਦੇਣ ਹੈ।

* ਹਿੰਦੀ ਭਾਸ਼ਾ ਦੀ ਲਿਪੀ ਦੇਵਨਾਗਰੀ
* ਅੰਗਰੇਜ਼ੀ - - - - ਰੋਮਨ
* ਗੁਰਮੁਖੀ ਲਿਪੀ ਦਾ ਨਾਮ ਪੈਂਤੀ ਵੀ ਹੈ।

Read ਮੇਰਾ ਮਿੱਤਰ essay and write 15 lines in your own words ,Do not copy .

# 22 ਮੇਰਾ ਮਿੱਤਰ

1. ਮੇਰੇ ਮਿੱਤਰ ਦਾ ਨਾਂਅ ਹਰਮਨ ਸਿੰਘ ਹੈ।
2. ਉਹ ਮੇਰਾ ਪੱਕਾ ਮਿੱਤਰ ਹੈ। ਅਸੀਂ ਇੱਕੋ ਮੁਹੱਲੇ ਵਿਚ ਰਹਿੰਦੇ ਹਾਂ
3. ਉਹ ਮੇਰੇ ਨਾਲ ਪੰਜਵੀਂ ਜਮਾਤ ਵਿਚ ਪੜ੍ਹਦਾ ਹੈ।
4. ਉਸ ਦੇ ਪਿਤਾ ਜੀ ਸ਼ਹਿਰ ਦੇ ਪ੍ਰਸਿੱਧ ਵਕੀਲ ਹਨ।
5. ਉਹ ਸਾਡੇ ਗੁਆਂਢ ਵਿਚ ਰਹਿੰਦੇ ਹਨ।
6. ਮੇਰਾ ਮਿੱਤਰ ਪੜ੍ਹਾਈ ਵਿਚ ਮੇਰੀ ਸਹਾਇਤਾ ਕਰਦਾ ਹੈ।
7. ਸਵੇਰ ਨੂੰ ਅਸੀਂ ਇਕੱਠੇ ਸੈਰ ਨੂੰ ਜਾਂਦੇ ਹਾਂ।
8. ਸ਼ਾਮ ਨੂੰ ਅਸੀਂ ਇਕੱਠੇ ਫੁੱਟਬਾਲ ਖੇਡਦੇ ਹਾਂ।
9. ਉਹ ਸਾਫ਼-ਸੁਥਰੇ ਕੱਪੜੇ ਪਾਉਂਦਾ ਹੈ।
10. ਉਹ ਝੂਠ ਨਹੀਂ ਬੋਲਦਾ, ਗ਼ਰੀਬ ਵਿਦਿਆਰਥੀਆਂ ਨਾਲ ਹਮਦਰਦੀ ਕਰਦਾ ਹੈ।
11. ਮੇਰੇ ਮਿੱਤਰ ਨੇ ਪੜ੍ਹਾਈ ਅਤੇ ਖੇਡਾਂ ਵਿਚ ਕਈ ਇਨਾਮ ਪ੍ਰਾਪਤ ਕੀਤੇ ਹਨ।
12. ਉਹ ਹਰ ਕੰਮ ਠੀਕ ਸਮੇਂ ਸਿਰ ਕਰਦਾ ਹੈ ਤੇ ਕਦੀ ਸਮਾਂ ਫ਼ਜ਼ੂਲ ਨਹੀਂ ਗਵਾਉਂਦਾ।
13. ਉਹ ਸੰਕਟ ਦੇ ਸਮੇਂ ਮੇਰੀ ਮਦਦ ਕਰਦਾ ਹੈ। ਇਹੀ ਸੱਚੇ ਮਿੱਤਰ ਦੀ ਪਛਾਣ ਹੈ।
14. ਮੈਨੂੰ ਆਪਣੇ ਮਿੱਤਰ 'ਤੇ ਬੜਾ ਮਾਣ ਹੈ।

# Gurubani and Virsa homework

~ Read sakhi Guru Nanak Dev Ji.

~ Memorize history questions 1-101

~ Recite Japji Sahib Ji